© ਅਰਮਾਨ (ARMAAN) | ISSN: 2583-9446 (O)

ਅਰਮਾਨ ARMAAN

(An International Multidisciplinary, Open Access Peer Reviewed & Indexed Research Journal)

Paper Id: ARMN040310

Volume 4, Issue 3| July-Sep. 2026

Available online at: www.armaan.org.in

DOI Link: https://doi.org/10.64119/armaan.vol.4.issue3.10

| DOI | Received Date | Accepted Date | Published Date |
|---|---|---|---|
| 10.64119/armaan.vol.4.issue3.10 | August 09, 2026 | August 31, 2026 | September 05, 2026 |

ਖੋਜ ਪੇਪਰ (Research Article)

# ਪਰਵਾਸੀ ਪੰਜਾਬੀ ਪਰਿਵਾਰਾਂ ਵਿੱਚ ਮਾਨਸਿਕ ਤਣਾਓ ਦੇ ਮੂਲ ਕਾਰਨ

## (ਸਵਰਨ ਚੰਦਨ ਦੀਆਂ ਚੌਣਵੀਂਆਂ ਕਹਾਣੀਆਂ ਦੇ ਸੰਦਰਭ ਵਿੱਚ)

# Parvasi Punjabi Parivaran vich Mansik Tanao De Mool Karn

## (Swarn Chandan Dien Chonvian Kahanian De Sandrabh Vich)

**ਡਾ. ਨਿਰਮਲਾ ਰਾਣੀ (Dr. Nirmala Rani)**

ਅਸਿਸਟੈਂਟ ਪ੍ਰੋਫੈਸਰ, ਪੰਜਾਬੀ (Assistant Professor, Punjabi)

ਮਹਾਰਾਣਾ ਪ੍ਰਤਾਪ ਪੋਸਟ ਗ੍ਰੈਜੂਏਟ ਕਾਲਜ ਫਾਰ ਵੂਮੈਨ, ਮੰਡੀ ਡੱਬਵਾਲੀ, ਜ਼ਿਲ੍ਹਾ ਸਿਰਸਾ (ਹਰਿਆਣਾ)- 125104

ORCID: 0009-0000-7772-8102

*E-Mail:* *nirmalanagpal6@gmail.com*

***ਸਾਰ (Abstract)***

*ਪੰਜਾਬੀ ਸਾਹਿਤ ਸਿਰਫ਼ ਪੰਜਾਬ ਤੱਕ ਸੀਮਿਤ ਨਾ ਰਹਿ ਕੇ ਵਿਸ਼ਵ ਪੱਧਰ 'ਤੇ ਫੈਲ ਚੁੱਕਾ ਹੈ, ਜਿਸ ਵਿੱਚੋਂ ਪਰਵਾਸੀ ਪੰਜਾਬੀ ਸਾਹਿਤ ਦਾ ਜਨਮ ਹੋਇਆ। ਇਸ ਸਾਹਿਤ ਵਿੱਚ ਪਰਵਾਸੀਆਂ ਦੀਆਂ ਸਮੱਸਿਆਵਾਂ, ਸੱਭਿਆਚਾਰਕ ਦਵੰਦ ਅਤੇ ਮਾਨਸਿਕ ਤਣਾਅ ਨੂੰ ਪ੍ਰਮੁੱਖਤਾ ਨਾਲ ਚਿਤਵਿਆ ਗਿਆ ਹੈ। ਮੌਜੂਦਾ ਖੋਜ ਪੱਤਰ ਵਿੱਚ ਨਾਮਵਰ ਕਹਾਣੀਕਾਰ ਸਵਰਨ ਚੰਦਨ ਦੀਆਂ ਚੋਣਵੀਂਆਂ ਕਹਾਣੀਆਂ- 'ਰਾਣੀ ਸੋਚ ਰਹੀ ਸੀ', 'ਅਗਲਾ ਕਦਮ', 'ਸੁਲਗਦੀ ਅੱਗ', 'ਦਸ ਪੌਂਡ', 'ਨਕਾਬ ਪੋਸ਼' ਅਤੇ 'ਫ੍ਰੀ ਸੁਸਾਇਟੀ' ਦੇ ਆਧਾਰ 'ਤੇ ਪਰਵਾਸੀ ਪਰਿਵਾਰਾਂ ਵਿੱਚ ਉਪਜਦੇ ਮਾਨਸਿਕ ਤਣਾਅ ਦੇ ਮੂਲ ਕਾਰਨਾਂ ਦੀ ਪੜਚੋਲ ਕੀਤੀ ਗਈ ਹੈ। ਇਸ ਤਣਾਅ ਦਾ ਮੁੱਖ ਕਾਰਨ ਪੱਛਮੀ ਤੇ ਭਾਰਤੀ ਸੱਭਿਆਚਾਰਕ ਕਦਰਾਂ-ਕੀਮਤਾਂ ਦਾ ਆਪਸੀ ਟਕਰਾਅ ਹੈ। ਪੱਛਮੀ ਸਮਾਜ ਦੀ ਖੁੱਲ੍ਹ ਅਤੇ ਪੁਰਾਣੀ ਪੀੜ੍ਹੀ ਦੇ ਰੀਤੀ-ਰਿਵਾਜਾਂ ਵਿਚਲਾ ਅੰਤਰ-ਵਿਰੋਧ ਪੀੜ੍ਹੀ-ਪਾੜੇ ਅਤੇ ਘਰੇਲੂ ਕਲੇਸ਼ ਨੂੰ ਜਨਮ ਦਿੰਦਾ ਹੈ, ਜਿੱਥੇ ਨਵੀਂ ਪੀੜ੍ਹੀ ਰੂੜ੍ਹੀਵਾਦੀ ਸੋਚ ਨੂੰ ਨਕਾਰਦੀ ਹੈ। ਇਸ ਤੋਂ ਇਲਾਵਾ, ਔਰਤਾਂ ਦੀ ਆਜ਼ਾਦੀ ਤੇ ਆਰਥਿਕ ਮੁਖ਼ਤਿਆਰੀ ਨੂੰ ਪੁਰਾਤਨ ਮਾਨਸਿਕਤਾ ਵੱਲੋਂ ਸਵੀਕਾਰ ਨਾ ਕਰਨਾ, ਭਾਸ਼ਾਈ ਮੁਸ਼ਕਿਲਾਂ, ਆਰਥਿਕ ਸੰਘਰਸ਼ ਅਤੇ ਬੇਗਾਨੇ ਮੁਲਕ ਵਿੱਚ ਸਮਾਜਿਕ ਇਕੱਲਤਾ ਤਣਾਅ ਨੂੰ ਹੋਰ ਗੰਭੀਰ ਬਣਾਉਂਦੇ ਹਨ। ਅਧਿਐਨ ਇਹ ਸਿੱਟਾ ਕੱਢਦਾ ਹੈ ਕਿ ਦੋਵਾਂ ਸੱਭਿਆਚਾਰਾਂ ਦੇ ਸਕਾਰਾਤਮਕ ਪੱਖਾਂ ਨੂੰ ਅਪਣਾ ਕੇ ਸਹੀ ਤਾਲਮੇਲ ਬਿਠਾਉਣਾ ਹੀ ਇਸ ਪਰਵਾਸੀ ਮਾਨਸਿਕ ਤਣਾਅ ਦਾ ਸਾਰਥਕ ਹੱਲ ਹੈ।*

***ਮੁੱਖ-ਸ਼ਬਦ (Keywords)***

*ਪਰਵਾਸੀ ਪੰਜਾਬੀ ਸਾਹਿਤ, ਸਵਰਨ ਚੰਦਨ, ਮਾਨਸਿਕ ਤਣਾਓ, ਸੱਭਿਆਚਾਰਕ ਟਕਰਾਓ, ਪੀੜ੍ਹੀ ਅੰਤਰ, ਪਰਿਵਾਰਕ ਵਿਘਟਨ, ਪੱਛਮੀ ਸੱਭਿਆਚਾਰ।*

ਪੰਜਾਬੀ ਸਾਹਿਤ ਪੰਜਾਬ ਵਿੱਚ ਜਾਂ ਭਾਰਤ ਵਿੱਚ ਹੀ ਨਹੀਂ ਸਗੋਂ ਦੁਨੀਆਂ ਦੇ ਵੱਖ ਵੱਖ ਕੋਨਿਆਂ ਵਿੱਚ ਵਸਦੇ ਪੰਜਾਬੀਆਂ ਵੱਲੋਂ ਵੀ ਰਚਿਆ ਜਾ ਰਿਹਾ ਹੈ। ਵਿਦੇਸ਼ਾਂ ਵਿੱਚ ਲਿਖੇ ਜਾਣ ਕਰਕੇ ਇਸ ਨੂੰ 'ਪਰਵਾਸੀ ਪੰਜਾਬੀ ਸਾਹਿਤ' ਜਾਂ 'ਵਿਦੇਸ਼ੀ ਪੰਜਾਬੀ ਸਾਹਿਤ' ਦਾ ਨਾਂ ਦਿੱਤਾ ਗਿਆ ਹੈ। ਅਸਲ ਵਿੱਚ ਇਹ ਸਾਹਿਤ ਪਰਵਾਸੀ ਚੇਤਨਾ ਦੀ ਉਪਜ ਹੈ। ਪੰਜਾਬੀਆਂ ਦੇ ਪਰਵਾਸ ਦੌਰਾਨ ਪਰਾਈ ਧਰਤੀ ਅਤੇ ਪਰਾਏ ਸੱਭਿਆਚਾਰ ਨਾਲ ਸਵੈ ਸਥਾਪਤੀ, ਰੋਜ਼ੀ ਰੋਟੀ ਕਮਾਉਣ ਅਤੇ ਖਾਸ ਕਰਕੇ ਨਸਲਵਾਦ ਵਰਗੇ ਮੁੱਦਿਆਂ ਨਾਲ ਨਜਿੱਠਣ ਦੀ ਸਮੱਸਿਆ ਦੀ ਚੇਤਨਾ ਵਿੱਚੋਂ ਇਹ ਸਾਹਿਤ ਜਨਮ ਲੈਂਦਾ ਹੈ। ਪਰਾਈ ਧਰਤੀ ਤੇ ਬੇਗਾਨਗੀ ਦੀ ਭਾਵਨਾ, ਭੂ-ਹੇਰਵਾ, ਆਪਣੇ ਮੂਲ ਸੱਭਿਆਚਾਰ ਅਤੇ ਸੰਸਕ੍ਰਿਤੀ ਦੀਆਂ ਕਦਰਾਂ ਕੀਮਤਾਂ ਦਾ ਪੱਛਮੀ ਸਭਿਆਚਾਰ ਅਤੇ ਸੰਸਕ੍ਰਿਤੀ ਦੀਆਂ ਕਦਰਾਂ ਨਾਲ ਟਕਰਾਓ ਨੇ ਪੰਜਾਬੀਆਂ ਦੇ ਅੰਦਰ ਮਾਨਸਿਕ ਤਣਾਓ ਅਤੇ ਸੰਤਾਪ ਦੀ ਉੱਥਲ ਪੁੱਥਲ ਮਚਾ ਦਿੱਤੀ। ਇਹਨਾਂ ਭਾਵਨਾਵਾਂ, ਵਲਵਲਿਆਂ ਅਤੇ ਚੇਤਨਾ ਵਿੱਚੋਂ ਹੀ ਮੂਲ ਰੂਪ ਵਿੱਚ ਪਰਵਾਸੀ ਸਾਹਿਤ ਜਨਮ ਲੈਂਦਾ ਹੈ।

ਪੰਜਾਬੀਆਂ ਦੇ ਪਰਵਾਸੀ ਹੋਣ ਦਾ ਮੂਲ ਕਾਰਨ ਆਰਥਿਕਤਾ ਹੈ। ਕੁਝ ਕੁ ਆਰਥਿਕ ਥੁੜ੍ਹਾਂ ਕਾਰਨ ਰੁਜ਼ਗਾਰ ਦੀ ਭਾਲ ਵਿੱਚ ਪਰਵਾਸੀ ਹੋ ਗਏ, ਕੁਝ ਕੁ ਧਨ

ਕਮਾਉਣ ਦੀ ਲਾਲਸਾ ਅਤੇ ਖੁੱਲ੍ਹਾ ਜੀਵਨ ਜਿਉਣ ਦੇ ਲਾਲਚ ਵੱਸ ਪਰਵਾਸੀ ਹੋ ਗਏ। ਪਰਵਾਸ ਦੌਰਾਨ ਆਰਥਿਕਤਾ ਤਾਂ ਸੁਧਰ ਗਈ ਪਰੰਤੂ ਮਾਨਸਿਕ ਸਕੂਨ ਖੁਸ ਗਿਆ। ਕਦਮ- ਕਦਮ ਤੇ ਬਹੁਤ ਸਾਰੀਆਂ ਸਮੱਸਿਆਵਾਂ ਪੈਦਾ ਹੋਣ ਲੱਗੀਆਂ ਜਿਸ ਕਰਕੇ ਬੁੱਧੀਜੀਵੀ ਅਤੇ ਚਿੰਤਨਸ਼ੀਲ ਵਿਅਕਤੀਆਂ ਨੇ ਸਾਹਿਤ ਸਿਰਜਨਾ ਰਾਹੀਂ ਮਾਨਸਿਕ ਸੰਤੁਸ਼ਟੀ ਦਾ ਮਾਰਗ ਲੱਭਿਆ। ਸਮਾਜ ਵਿੱਚ ਮਨੁੱਖ ਦੀ ਮਾਨਸਿਕ ਪ੍ਰਕ੍ਰਿਆ ਅਤੇ ਮਾਨਸਿਕ ਸਥਿਤੀ ਮੂਲ ਰੂਪ ਵਿੱਚ ਸਾਹਿਤ ਸਿਰਜਣਾ ਦਾ ਅਧਾਰ ਬਣਦੀ ਹੈ ਅਤੇ ਵਿਅਕਤੀਗਤ ਚੇਤਨਾ ਸਮਾਜਿਕ ਚੇਤਨਾ ਦਾ ਰੂਪ ਧਾਰਨ ਕਰਦੀ ਹੈ। ਪਰਵਾਸੀ ਪੰਜਾਬੀ ਸਾਹਿਤ ਬਹੁਤ ਸਾਰੇ ਬਾਹਰਲੇ ਮੁਲਕਾਂ ਵਿੱਚ ਵਸਦੇ ਪੰਜਾਬੀਆਂ ਰਾਹੀਂ ਵੱਖ ਵੱਖ ਸਾਹਿਤਕ ਵਿਧਾਵਾਂ ਦੇ ਅੰਤਰਗਤ ਰਚਿਆ ਜਾ ਰਿਹਾ ਹੈ। ਸਾਰੀਆਂ ਸਾਹਿਤਕ ਵਿਧਾਵਾਂ ਵਿੱਚ ਪੇਸ਼ ਵਿਸ਼ਿਆਂ ਦੇ ਸਿਧਾਂਤਕ ਆਧਾਰ ਲਗਭਗ ਇੱਕੋ ਜਿਹੇ ਹਨ।

ਸਵਰਨ ਚੰਦਨ ਪਰਵਾਸੀ ਪੰਜਾਬੀ ਸਾਹਿਤ ਵਿੱਚ ਇੱਕ ਅਜਿਹਾ ਸਥਾਪਿਤ ਨਾਂ ਹੈ ਜੋ ਪਿਛਲੇ ਕਈ ਸਾਲਾਂ ਤੋਂ ਬਰਤਾਨੀਆਂ ਦੀ ਧਰਤੀ ਤੇ ਵਸ ਰਿਹਾ ਹੈ ਅਤੇ ਆਪਣੀਆਂ ਵੱਡਮੁਲੀਆਂ ਸਾਹਿਤਕ ਰਚਨਾਵਾਂ ਰਾਹੀਂ ਪੰਜਾਬੀ ਸਾਹਿਤ ਦੇ ਭੰਡਾਰੇ ਨੂੰ ਭਰ ਰਿਹਾ ਹੈ। ਉਹ ਇੱਕ ਬਹੁ-ਪਰਤੀ ਲੇਖਕ ਹੈ। ਉਸਨੇ ਯਥਾਰਥ ਪੱਧਰ ਤੇ ਜੋ ਹੰਢਾਇਆ, ਉਸਨੂੰ ਸਾਹਿਤ ਰਾਹੀਂ ਪੁਨਰ ਪੇਸ਼ ਕਰਨ ਦਾ ਯਤਨ ਕੀਤਾ। ਸਵਰਨ ਚੰਦਨ ਨੇ 'ਨਵੇਂ ਰਿਸ਼ਤੇ', 'ਕੱਚੇ ਘਰ', 'ਕੱਖ ਕਾਨੇ ਤੇ ਦਰਿਆ', 'ਕਦਰਾਂ ਕੀਮਤਾਂ ਤੇ ਸ਼ਤਰੰਜ', ਅਤੇ 'ਕੰਜਕਾਂ' ਨਾਵਲ; 'ਉਜੜਿਆ ਖੂਹ', 'ਪੁੰਨ ਦਾ ਸਾਕ', 'ਖਾਲੀ ਪਲਾਂ ਦੀ ਸਾਂਝ', 'ਲਾਲ ਚੌਂਕ' ਅਤੇ 'ਕੁਆਰ ਗੰਦਲ' ਕਹਾਣੀ ਸੰਗ੍ਰਿਹ; 'ਚਾਨਣ ਦੀ ਲਕੀਰ' ਤੇ 'ਦੂਸਰਾ ਪੜਾਅ' ਕਾਵਿ ਸੰਗ੍ਰਿਹ; 'ਆਪਣੀ ਧਰਤੀ' ਸਫਰਨਾਮਾ; 'ਸੰਵੇਦਨਾ ਤੇ ਸਾਹਿਤ', 'ਅੰਮ੍ਰਿਤਾ ਪ੍ਰੀਤਮ ਦੀ ਗਲਪ ਤੇ ਕਾਵਿ ਚੇਤਨਾ' (ਆਲੋਚਨਾ) ਆਦਿ ਸਾਹਿਤ ਰੂਪਾਂ ਦੀਆਂ ਵੱਖ ਵੱਖ ਪੁਸਤਕਾਂ ਪੰਜਾਬੀ ਸਾਹਿਤ ਜਗਤ ਦੀ ਝੋਲੀ ਪਾਈਆਂ। ਸਵਰਨ ਚੰਦਨ ਆਪਣੀਆਂ ਕਹਾਣੀਆਂ ਵਿੱਚ ਅਜਿਹੇ ਪਾਤਰ ਪੇਸ਼ ਕਰਦਾ ਹੈ ਜਿਹੜੇ ਆਪਣੇ ਅੰਦਰੂਨੀ ਤਾਣੇ ਬਾਣੇ ਦੀ ਸੋਚ ਵਿੱਚ ਉਲਝੇ ਹੋਏ ਹੁੰਦੇ ਹਨl ਉਹ ਉਹਨਾਂ ਦੀ ਮਨੋਵਿਗਿਆਨਿਕ ਪੀੜ ਨੂੰ ਬੜੀ ਬਾਰੀਕੀ ਨਾਲ ਚਿਤਰਦਾ ਹੈ। ਉਸਦੇ ਪਾਤਰ ਆਪਣੇ ਅੰਦਰੂਨੀ ਮਨੋਵਿਗਿਆਨਿਕ ਘੋਲ, ਸੰਘਰਸ਼ ਅਤੇ ਤਨਾਅ ਨੂੰ ਆਪਣੇ ਅੰਦਰ ਹੀ ਦਬਾ ਕੇ ਰੱਖਦੇ ਹਨ। ਲੇਖਕ ਉਹਨਾਂ ਦੀ ਨਿਰਾਸ਼ਾ ,ਚਿੰਤਾ, ਡਰ ਨੂੰ ਬਰੀਕੀ ਨਾਲ ਪੇਸ਼ ਕਰਨ ਵਿੱਚ ਸਫਲ ਰਹਿੰਦਾ ਹੈ। ਉਸ ਦੇ ਪਾਤਰ ਬਾਹਰੀ ਦਿਖਾਵੇ ਦੇ ਬਾਵਜੂਦ ਵੀ ਮਾਨਸਿਕ ਉਲਝਨਾ ਅਤੇ ਸੰਤੁਸ਼ਟੀ ਦਾ ਸ਼ਿਕਾਰ ਰਹਿੰਦੇ ਹਨ। ਲੇਖਕ ਅਨੁਸਾਰ ਪ੍ਰਵਾਸੀਆਂ ਦੀ ਜ਼ਿੰਦਗੀ ਵਿੱਚ ਕੋਈ ਅਧਿਆਤਮਕ ਜਾਂ ਆਤਮਿਕ ਸ਼ਾਂਤੀ ਵੇਖਣ ਨੂੰ ਨਹੀਂ ਮਿਲਦੀ ਉਹ ਕੇਵਲ ਇੱਕ ਆਰਥਿਕ ਮਸ਼ੀਨ ਬਣ ਕੇ ਰਹਿ ਜਾਂਦੀ ਹਨ। ਉਹ ਰਿਸ਼ਤਿਆਂ ਦੇ ਵਪਾਰੀਕਰਨ, ਖਿੱਚੋ ਤਾਣ ਆਦਿ ਦੇ ਸ਼ਿਕਾਰ ਰਹਿੰਦੇ ਹਨ। ਉਥੇ ਪ੍ਰਵਾਸੀਆਂ ਦੀ ਜ਼ਿੰਦਗੀ ਵਿੱਚ ਅਪੱਣਤ, ਓਪਰਾਪਨ ਆਦਿ ਭਾਰੂ ਰਹਿੰਦੇ ਹਨ। ਹੱਥਲੇ ਖੋਜ ਪੱਤਰ ਵਿੱਚ ਪਰਵਾਸੀ ਪੰਜਾਬੀ ਸਾਹਿਤਕਾਰ ਸਵਰਨ ਚੰਦਨ ਦੀਆਂ ਚੋਣਵੀਆਂ ਕਹਾਣੀਆਂ ਵਿੱਚ ਪੇਸ਼ ਪਰਵਾਸੀ ਪੰਜਾਬੀ ਪਰਿਵਾਰਾਂ ਦੇ ਮਾਨਸਿਕ ਤਣਾਓ ਦੇ ਮੂਲ ਕਾਰਨਾਂ ਨੂੰ ਤਲਾਸ਼ਣ ਦਾ ਪ੍ਰਯਤਨ ਕੀਤਾ ਗਿਆ ਹੈ।

ਸਵਰਨ ਚੰਦਨ ਦੀਆਂ ਕਹਾਣੀਆਂ ਦੇ ਮੁੱਖ ਵਿਸ਼ੇ ਆਰਥਿਕ ਮੰਦਹਾਲੀ, ਨਸਲੀ ਵਿਤਕਰੇ, ਮਜਦੂਰਾਂ ਦੀ ਦੁਰਦਸ਼ਾ, ਪੀੜ੍ਹੀ ਪਾੜਾ, ਭ੍ਰਿਸ਼ਟਾਚਾਰ, ਮਨੁੱਖੀ ਰਿਸ਼ਤਿਆਂ ਦੀ ਟੁੱਟ-ਭੱਜ, ਅਤੇ ਪੱਛਮੀ ਸਭਿਆਚਾਰ ਅਤੇ ਪੰਜਾਬੀ ਸੱਭਿਆਚਾਰ ਦਾ ਟਕਰਾਅ ਹਨ। ਇਹੀ ਸਭ ਅਸਲ ਵਿੱਚ ਪਰਵਾਸੀ ਪੰਜਾਬੀ ਪਰਿਵਾਰਾਂ ਦੇ ਮਾਨਸਿਕ ਤਣਾਓ ਦਾ ਮੁੱਖ ਕਾਰਨ ਬਣਦਾ ਹੈ। ਪਰਦੇਸ ਵਿੱਚ ਰਹਿੰਦਾ ਪਰਵਾਸੀ ਜਦੋਂ ਆਪਣੇ ਰਿਸ਼ਤਿਆਂ ਪ੍ਰਤੀ ਤੜਫਦਾ ਹੈ ਤਾਂ ਉਸਨੂੰ ਆਪਣਿਆਂ ਦੀ ਪਲ ਪਲ ਯਾਦ ਸਤਾਉਂਦੀ ਹੈ ਤਾਂ ਉਹ ਭੂ-ਹੇਰਵੇ ਦਾ ਸੰਤਾਪ ਹੰਢਾਉਂਦਾ ਹੈ।

> *"ਬਹੁਤੇ ਪ੍ਰਵਾਸੀ ਪੰਜਾਬੀ ਮਸ਼ੀਨੀ ਜ਼ਿੰਦਗੀ ਤੋਂ ਉਪਜੀ ਚਿੜਚਿੜਾਹਟ, ਬੇਗਾਨਗੀ, ਇੱਕਲਤਾ, ਨਸਲੀ ਵਿਤਕਰੇ ਤੋਂ ਪੈਦਾ ਹੋਈ ਕੁੜੱਤਣ, ਘਰੋਂ ਵਿਛੜੇ ਹੋਣ ਦੀ ਅਜਨਬੀਅਤ, ਭੂ- ਹੇਰਵੇ ਦੀਆਂ ਭਾਵਨਾਵਾਂ ਨਾਲ ਤਿੜਕੇ ਤਿੜਕੇ ਮਹਿਸੂਸ ਕਰਦੇ ਹਨ।"* [1]

ਪਰਵਾਸੀ ਪੰਜਾਬੀ ਪਰਿਵਾਰਾਂ ਦੇ ਮਾਨਸਿਕ ਤਣਾਓ ਦਾ ਸਭ ਤੋਂ ਪਹਿਲਾ ਤੇ ਮੁੱਖ ਕਾਰਨ ਪੱਛਮੀ ਅਤੇ ਭਾਰਤੀ ਪੰਜਾਬੀ ਸੱਭਿਆਚਾਰਕ ਕਦਰਾਂ ਕੀਮਤਾਂ ਦਾ ਟਕਰਾਓ ਹੈ। ਪਰਵਾਸੀ ਪੰਜਾਬੀ ਜਦੋਂ ਪਰਵਾਸ ਕਰਕੇ ਬੇਗਾਨੀ ਧਰਤੀ ਤੇ ਪਹੁੰਚਦਾ ਹੈ ਤਾਂ ਉਹ ਆਪਣੇ ਨਾਲ ਆਪਣੇ ਪਿਤਰੀ ਸੱਭਿਆਚਾਰ ਦੀਆਂ ਮਾਨਤਾਵਾਂ, ਕਦਰਾਂ ਕੀਮਤਾਂ ਨੂੰ ਨਾਲ ਲੈ ਕੇ ਜਾਂਦਾ ਹੈ। ਉਸਨੂੰ ਉਹਨਾਂ ਕਦਰਾਂ ਕੀਮਤਾਂ ਅਨੁਸਾਰ ਹੀ ਜਿੰਦਗੀ ਜਿਉਣ ਦੀ ਆਦਤ ਹੈ ਪਰ ਨਵੇਂ ਸਭਿਆਚਾਰ 'ਚ ਜਿੱਥੇ ਉਹ ਪ੍ਰਵੇਸ਼ ਕਰਦਾ ਹੈ, ਉਸਦੀਆਂ ਕਦਰਾਂ-ਕੀਮਤਾਂ ਦਾ ਉਸਦੇ ਪਿੱਤਰੀ ਸੱਭਿਆਚਾਰ ਤੋਂ ਵਖਰੇਂਵਾ ਹੈ—ਕੁਝ ਸਹਿਣਯੋਗ ਹੈ ਅਤੇ ਕੁਝ ਨਾ ਸਹਿਣਯੋਗ। ਨਵੇਂ ਸੱਭਿਆਚਾਰ ਦੀਆਂ ਕੁੱਝ ਨਵੀਆਂ ਕਦਰਾਂ ਕੀਮਤਾਂ ਨੂੰ ਉਹ ਸਮੇਂ ਦੀ ਲੋੜ ਸਮਝ ਕੇ ਸਹਿਜੇ ਹੀ ਆਪਣਾ ਲੈਂਦਾ ਹੈ ਪਰੰਤੂ ਕੁਝ ਕਦਰਾਂ ਕੀਮਤਾਂ ਅਜਿਹੀਆਂ ਸਾਹਮਣੇ ਆ ਜਾਂਦੀਆਂ ਹਨ ਜਿਨ੍ਹਾਂ ਨੂੰ ਉਹ ਕਿਸੇ ਵੀ ਤਰ੍ਹਾਂ ਨਹੀਂ ਅਪਣਾ ਸਕਦਾ। ਜਿੱਥੇ ਅਜਿਹੀਆਂ ਸਥਿਤੀਆਂ ਬਣਦੀਆਂ ਹਨ ਤਾਂ ਪਰਿਵਾਰਾਂ ਵਿੱਚ ਮਾਨਸਿਕ ਤਣਾਓ ਅਨਿਵਾਰੀ ਹੋ ਨਿਬੜਦਾ ਹੈ।

'ਰਾਣੀ ਸੋਚ ਰਹੀ' ਕਹਾਣੀ ਵਿੱਚ ਇਸਦੀ ਮੁੱਖ ਪਾਤਰ ਦਾ ਮਾਨਸਿਕ ਤਨਾਓ ਬਹੁਤ ਹੀ ਡੂੰਘਾਈ ਵਿੱਚ ਚਿਤਰਿਆ ਗਿਆ ਹੈ। ਇਸ ਵਿੱਚ ਇਸ ਦੇ ਮਾਨਸਿਕ ਦਵੰਧ ਦੀ ਗੰਭੀਰਤਾ ਪੇਸ਼ ਕੀਤੀ ਗਈ ਹੈ। ਇਸ ਕਹਾਣੀ ਦੇ ਸਿਰਲੇਖ ਤੋਂ ਪਤਾ ਲੱਗਦਾ ਹੈ ਕਿ ਉਸਦੇ ਅੰਦਰ ਸੋਚਾਂ ਦਾ ਤੂਫਾਨ ਤੇ ਮਾਨਸਿਕ ਉਥਲ ਪੁਥਲ ਸਦਾ ਬਣੀ ਰਹਿੰਦੀ ਹੈ। ਉਸਦੀ ਬੇਵਸੀ ਉਸਦੀ ਅਪਨਤ ਅਤੇ ਉਸਦੀਆਂ ਭਾਵਨਾਵਾਂ ਅਨਕਹੀਆਂ ਹੀ ਰਹਿ ਜਾਂਦੀਆਂ ਹਨ। 'ਰਾਣੀ ਸੋਚ ਰਹੀ ਸੀ' ਕਹਾਣੀ ਦੀ ਪਾਤਰ ਰਾਣੀ ਇੱਕ ਅੰਗਰੇਜ਼ ਨਾਲ ਵਿਆਹ ਕਰਵਾਉਣਾ ਚਾਹੁੰਦੀ ਹੈ ਪਰੰਤੂ ਉਸਦੇ ਮਾਪੇ ਉਸਨੂੰ ਅਜਿਹਾ ਕਰਨ ਦੀ ਇਜਾਜਤ ਨਹੀਂ ਦਿੰਦੇ ਕਿਉਂਕਿ ਪੰਜਾਬੀ ਸੱਭਿਆਚਾਰ ਵਿੱਚ ਜਾਤ-ਬਰਾਦਰੀ ਨੂੰ ਛੱਡ ਕੇ ਵਿਆਹ ਕਰਵਾਉਣਾ ਸਵੀਕਾਰ ਨਹੀਂ ਕੀਤਾ ਜਾਂਦਾ। ਰਾਣੀ ਦੀ ਮਾਂ ਉਸਨੂੰ ਆਪਣੀਆਂ ਕਦਰਾਂ ਕੀਮਤਾਂ ਦਾ ਵਾਸਤਾ ਪਾਉਂਦੀ ਹੈ:-

> *"ਦੇਖ ਬੇਟਾ! ਅਸੀਂ ਹਿੰਦੁਸਤਾਨੀ ਲੋਕ ਆਂ। ਤੇ ਅਸਾਂ ਸਮਾਜ ਨੂੰ ਮੂੰਹ ਦਿਖਾਉਣਾ ਹੁੰਦਾ ਹੈ। ਜਿਹੜੇ ਰਿਸ਼ਤੇ ਨੂੰ ਸਮਾਜ ਪ੍ਰਵਾਨ ਕਰਨ ਲਈ ਤਿਆਰ ਨਹੀਂ, ਉਹ ਅਸੀਂ ਕਿਵੇਂ ਪ੍ਰਵਾਨ ਕਰ ਸਕਦੇ ਹਾਂ, ਕੋਈ ਇੰਡੀਅਨ ਹੋਵੇ, ਭਾਵੇਂ ਕਿਸੇ ਮਜ਼ਹਬ ਜਾਤ ਦਾ ਹੋਵੇ ਤਾਂ ਸਾਨੂੰ ਕੋਈ ਇਤਰਾਜ ਨਹੀਂ ਪਰ ਅੰਗਰੇਜ... ਇੰਡੀਆ ਵਿੱਚ ਤੇਰੀ ਦਾਦੀ ਆ, ਦਾਦਾ ਆ, ਨਾਨੀ ਤੇ ਨਾਨਾ ਨੇ, ਦੂਜੇ ਰਿਸ਼ਤੇਦਾਰ ਤੂੰ ਦੱਸ ਉਹ ਇਹ ਸਦਮਾ ਬਰਦਾਸ਼ਤ ਕਰ ਲੈਣਗੇ। ਨਾਲੇ ਉਹ ਏਸ ਜਵਾਈ ਨਾਲ ਕੀ ਗੱਲਾਂ ਕਰਨਗੇ। ਅਸੀਂ ਤਾਂ ਫਿਰ ਜਿਉਂਦੇ ਹੀ ਮਰਗੇ ਨਾ।"* [2]

ਨਵੀਂ ਪਰਵਾਸੀ ਪੰਜਾਬੀ ਪੀੜ੍ਹੀ ਅਤੇ ਪੁਰਾਣੀ ਪੀੜ੍ਹੀ ਵਿੱਚ ਵਿਚਾਰਾਂ ਦਾ ਅੰਤਰ ਵੀ ਇਹਨਾਂ ਪਰਿਵਾਰਾਂ ਵਿਚ ਤਨਾਓ ਦਾ ਕਾਰਨ ਬਣਦਾ ਹੈ। ਨਵੀਂ ਪੀੜ੍ਹੀ ਪੱਛਮੀ ਸੱਭਿਆਚਾਰ ਵਾਲੀਆਂ ਖੁੱਲਾਂ ਦੀ ਧਾਰਨੀ ਹੈ ਅਤੇ ਪੁਰਾਣੀ ਪੀੜ੍ਹੀ ਪੰਜਾਬੀ ਸੱਭਿਆਚਾਰ ਦੀਆਂ ਨੈਤਿਕ ਕਦਰਾਂ ਕੀਮਤਾਂ ਦੀ ਧਾਰਨੀ ਹੈ। ਉਹ ਪੱਛਮੀ ਸੱਭਿਆਚਾਰ ਵਿੱਚ ਆਤਮਸਾਤ ਹੋਣ ਤੋਂ ਅਸਮਰੱਥ ਹੈ। ਅਗਲਾ ਕਦਮ ਕਹਾਣੀ ਵਿੱਚ ਬਹੁਤ ਹੀ ਡੂੰਘਾ ਮਾਨਸਿਕ ਤਨਾਓ ਪੇਸ਼ ਕੀਤਾ ਗਿਆ ਹੈ। ਕਹਾਣੀ ਦਾ ਮੁੱਖ ਪਾਤਰ ਪ੍ਰਵਾਸੀ ਜੀਵਨ ਦੇ ਦਬਾਅ ਹੇਠ ਅੰਦਰੂਨੀ ਖਿੱਚੋ-ਤਾਣ, ਦੁਚਿੱਤੀ ,ਇਕੱਲਤਾ ਭਵਿੱਖ ਦੀ ਅਨਿਸਚਿਤਤਾ ਵਿੱਚ ਵਿਚਰਦਾ ਹੋਇਆ ਮਾਨਸਿਕ ਤਨਾਵ ਦੇ ਸ਼ਿਖਰ ਤੇ ਪਹੁੰਚ ਜਾਂਦਾ ਹੈ। 'ਅਗਲਾ ਕਦਮ' ਕਹਾਣੀ ਦੀ ਪਾਤਰ ਹੁਕਮੋ ਆਪਣੀ ਧੀ ਨੂੰ ਵਰਜਦੀ ਹੈ ਕਿ ਉਹ ਸਰੀਰਕ ਪ੍ਰਦਰਸ਼ਨ ਨਾਂ ਕਰੇ ਅਤੇ ਮੁੰਡਿਆਂ ਨਾਲ ਬਹੁਤਾ ਘੁਲੇ-ਮਿਲੇ ਨਾਂ। ਉਸਦੇ ਬੋਲਾਂ ਵਿੱਚ ਚਿੰਤਾ ਅਤੇ ਤਨਾਓ ਸਾਫ ਝਲਕਦੇ ਹਨ:-

*"ਕੁੜੇ ਹਾਅ ਅੱਗ ਲੱਗਣੇ ਢੱਕ ਨਹੀਂ ਹੁੰਦੇ ਬਣਾਕੇ, ਬੰਦਿਆਂ ਵਾਂਗ ਕਰ ਖਾ ਚੁੰਨੀ, ਮਾਹਰ ਵਖ਼ੀਲਾ ਪਾਇਆ ਹੋਇਐ, ਪੜ੍ਹਨ ਚੱਲੀ ਆਂ ਕਿ ....? ਅਈਦਾ ਮਰ ਖਾਂ ਬੰਦਿਆਂ ਵਾਂਗ। ਉਹਦੇ ਸਿਰ ਦੀ ਚੁੰਨੀ ਲਾ ਕੇ ਚਾਦਰ ਵਾਂਗ ਉਹਦੇ ਦੁਆਲੇ ਲਪੇਟ ਦੀ ਹੁਕਮੋ ਨੇ ਡਾਂਟਿਆ।"* [3]

ਧੀ ਭਾਵੇਂ ਮਾਂ ਸਾਹਮਣੇ ਖੁੱਲ ਕੇ ਕੁਝ ਨਹੀਂ ਬੋਲਦੀ ਪ੍ਰੰਤੂ ਉਸ ਅੰਦਰ ਮਾਂ ਪ੍ਰਤੀ ਅੰਦਰੋਂ ਅੰਦਰੀ ਨਫਰਤ ਭਰ ਜਾਂਦੀ ਹੈ। ਆਪਣੇ ਮਾਂ ਪ੍ਰਤੀ ਵਰਤੀ ਸ਼ਬਦਾਵਲੀ ਉਸਦੀ ਨਫਰਤ ਨੂੰ ਪ੍ਰਗਟਾਉਂਦੀ ਹੈ:-

*"ਸ਼ੀ ਇਜ ਬਲੱਡੀ ਬਿਚ...... ਓਲਡ ਕਾਓ...... ਏ ਬੈਕਵਰਡ ਐਨੀਮਲ"* [4]

ਪਰਵਾਸੀ ਪੰਜਾਬੀ ਪਰਿਵਾਰਾਂ ਵਿੱਚ ਮਾਨਸਿਕ ਤਨਾਓ ਦਾ ਇੱਕ ਹੋਰ ਮੁੱਖ ਕਾਰਨ ਪੰਜਾਬੀ ਮਰਦਾਂ ਅਤੇ ਔਰਤਾਂ ਦਾ ਪੱਛਮੀ ਤਰਜ ਤੇ ਲਿੰਗਕ ਖੁੱਲਾਂ ਮਾਨਣ ਦੀ ਇੱਛਾ ਹੈ। ਪੰਜਾਬੀ ਮਰਦ ਆਪ ਤਾਂ ਇਹਨਾਂ ਖੁੱਲਾਂ ਦਾ ਹਾਮੀ ਹੈ ਪਰ ਉਸਦੇ ਪਰਿਵਾਰ ਦੀ ਔਰਤ ਅਜਿਹੀ ਖੁੱਲ ਲਵੇ, ਇਹ ਉਸਨੂੰ ਬਰਦਾਸ਼ਤ ਨਹੀਂ। ਪੱਛਮੀ ਸਮਾਜ ਵਿੱਚ ਜੰਮੀ ਪਲੀ ਨਵੀਂ ਪੀੜ੍ਹੀ ਜਦੋਂ ਮਰਦ ਬਰਾਬਰੀ ਦੇ ਹੱਕ ਦੀ ਗੱਲ ਕਰਦੀ ਹੈ ਤਾਂ ਉੱਥੇ ਪਰਿਵਾਰਕ ਤਨਾਓ ਅਨਿਵਾਰੀ ਹੋ ਨਿਬੜਦਾ ਹੈ।

*"ਬੱਟ ਇਫ ਏ ਮੈਨ ਕੈਨ ਕੀਪ ਏ ਗਰਲ ਫਰੈਂਡ ਆਫ਼ਟਰ ਮੈਰਿਜ, ਦੈਨ ਵਾਇ ਕਾਂਟ ਏ ਵੋਮੈਨ?"* [5]

ਇਸੇ ਕਹਾਣੀ ਦੀ ਜੀਤੀ ਦੇ ਇਹ ਸ਼ਬਦ ਪੱਛਮੀ ਸੱਭਿਆਚਾਰ ਦੇ ਪ੍ਰਭਾਵਾਂ ਦੀ ਪੁਸ਼ਟੀ ਕਰਦੇ ਹਨ। ਅਜਿਹੇ ਸੱਭਿਆਚਾਰ ਵਿੱਚ ਵਿਆਹ ਵਰਗੇ ਰਿਸ਼ਤੇ ਪਾਕਿ-ਪਵਿੱਤਰ ਨਾਂ ਰਹਿ ਕੇ ਸਰੀਰਕ ਸੁੱਖ ਭੋਗਣ ਤੱਕ ਸੀਮਤ ਰਹਿ ਜਾਂਦੇ ਹਨ। 'ਸੁਲਗਦੀ ਅੱਗ' ਕਹਾਣੀ ਵੀ ਅਜਿਹੇ ਵਿਸ਼ੇ ਦੀ ਤਰਜਮਾਨੀ ਕਰਦੀ ਹੈ। ਕਹਾਣੀ ਦੀ ਮੁੱਖ ਪਾਤਰ ਸੁਰਿੰਦਰਜੀਤ ਫੈਕਟਰੀ ਵਿੱਚ ਕੰਮ ਕਰਦੇ ਮੁੰਡੇ ਕੁੜੀਆਂ ਨੂੰ ਰੋਮਾਂਟਿਕ ਗੱਲਾਂ ਅਤੇ ਹਰਕਤਾਂ ਕਰਦੇ ਦੇਖਕੇ ਆਪ ਪੱਛਮੀ ਸੱਭਿਆਚਾਰ ਦੇ ਵਹਾਅ ਵਿੱਚ ਵਹਿੰਦੀ ਹੈ, ਪਰੰਤੂ ਉਸਦਾ ਮਾਨਸਿਕ ਤਨਾਓ ਇਹ ਹੈ ਕਿ ਪੰਜਾਬੀ ਹੋਣ ਕਰਕੇ ਉਹ ਨਿਸੰਗ ਹੋਕੇ ਅਜਿਹੀਆਂ ਖੁੱਲਾਂ ਨਹੀਂ ਲੈ ਸਕਦੀ। ਉਹ ਪਰਿਵਾਰ ਤੋਂ ਬੇਖੌਫ਼ ਹੋ ਕੇ ਨਹੀ ਵਿਚਰ ਸਕਦੀ।

'ਦਸ ਪੌਂਡ' ਕਹਾਣੀ ਵਿਚਲਾ ਪਾਤਰ ਸਦੀਕ ਹੀਣ ਭਾਵਨਾ ਅਤੇ ਮਾਨਸਿਕ ਤਨਾਅ ਦਾ ਸ਼ਿਕਾਰ ਪਾਤਰ ਹੈ। ਦਸ ਪੌਂਡ ਦੀ ਮਾਮੂਲੀ ਰਕਮ ਦੀ ਲੋੜ ਉਸ ਅੰਦਰ ਖਿੱਚੋਤਾਣ ਬਣਾਈ ਰੱਖਦੀ ਹੈ। 'ਦਸ ਪੌਂਡ' ਕਹਾਣੀ ਦੀ ਨਾਇਕਾ ਪੱਛਮੀ ਸੱਭਿਆਚਾਰ ਦੇ ਬੇਰੋਕ ਵਹਿਣ ਵਿੱਚ ਫ਼ਸ ਕੇ ਆਪਣਾ ਬੁਆਏ ਫਰੈਂਡ ਤਾਂ ਬਣਾ ਲੈਂਦੀ ਹੈ ਪਰ ਇਹ ਸਭ ਮਾਪਿਆਂ ਤੋਂ ਚੋਰੀਓ। ਇਸ ਦੋਸਤੀ ਦੇ ਮਾਮਲੇ ਵਿੱਚ ਉਹ ਪੱਛਮੀ ਔਰਤ ਵਾਂਗ ਆਜ਼ਾਦ ਨਹੀਂ। ਇਸ ਦੂਹਰੇ ਸੱਭਿਆਚਾਰ ਦੀ ਸ਼ਿਕਾਰ ਪਾਤਰ ਰੀਤਾ ਨੂੰ ਉਸਦੇ ਪਿਤਾ ਦਾ ਦੋਸਤ ਸਦੀਕ ਆਪਣੇ ਬੁਆਏ ਫਰੈਂਡ ਨਾਲ ਵੇਖ ਲੈਂਦਾ ਹੈ, ਤਾਂ ਉਹ ਉਸ ਨੂੰ ਉਸਦੇ ਪਿਉ ਨੂੰ ਸਭ ਕੁਝ ਦੱਸਣ ਦਾ ਡਰਾਵਾ ਦੇ ਕੇ ਉਸ ਨਾਲ ਸਰੀਰਕ ਸਬੰਧ ਬਣਾਉਂਦਾ ਹੈ। ਇਸ ਉਲਝਣ ਦੀ ਮਾਰ ਦੀ ਸ਼ਿਕਾਰ ਹੋਈ ਰੀਤਾ ਨਸ਼ਿਆਂ ਦੀ ਦਲਦਲ ਵਿੱਚ ਫਸ ਜਾਂਦੀ ਹੈ। ਉਹ ਪੈਸੇ ਤੇ ਨਸ਼ੇ ਦੀ ਪੂਰਤੀ ਲਈ ਕਈਆਂ ਨਾਲ ਸਰੀਰਕ ਸਬੰਧ ਕਾਇਮ ਕਰ ਲੈਂਦੀ ਹੈ। ਇਕ ਵਾਰ ਜਦੋਂ ਉਹ ਸਦੀਕ ਨੂੰ ਇਸ ਦੇ ਦਫਤਰ ਵਿੱਚ ਉਡੀਕ ਰਹੀ ਹੁੰਦੀ ਹੈ, ਤਾਂ ਸਦੀਕ ਦੇ ਕੁਝ ਦੇਰ ਨਾ ਆਉਣ ਤੇ ਸਦੀਕ ਦਾ ਦੋਸਤ ਪਾਲ ਵੀ ਦਫ਼ਤਰ ਵਿੱਚ ਉਸ ਨਾਲ ਸਰੀਰਕ ਸਬੰਧ ਕਾਇਮ ਕਰਦਾ ਹੈ, ਜਿਸ ਵਿੱਚ ਰੀਤਾ ਨੂੰ ਕੋਈ ਇਤਰਾਜ਼ ਨਹੀਂ ਕਿਉਂਕਿ ਉਸ ਲਈ ਹੁਣ ਇਹ ਆਮ ਵਰਤਾਰਾ ਹੋ ਚੁੱਕਿਆ ਹੈ:-

*"ਸਦੀਕ ਨਹੀਂ ਅਇਆ ਪਹਿਲਾਂ ਪਹਿਲਾਂ ਪਾਲ ਡਰਦਾ ਰਿਹਾ ਕਿ ਕਿਤੇ ਉਤੋਂ ਨਾ ਆ ਜਾਵੇ। ਪਰ ਜਦੋਂ ਨੌਂ ਕੁ ਵੱਜ ਗਏ ਅਤੇ ਤਿੰਨ ਤਿੰਨ ਪੈਗਾਂ ਦਾ ਨਸ਼ਾ ਹੋ ਗਿਆ ਤਾਂ ਇਹ ਡਰ ਵੀ ਕੱਚੇ ਰੰਗ ਵਾਂਗ ਉੱਡ ਗਿਆ। ਉਸ ਤੋਂ ਬਾਅਦ ਰੀਤਾ ਤੇ ਪਾਲ ਬਾਰ੍ਹਾਂ ਵਜੇ ਤੱਕ ਦਫ਼ਤਰ 'ਚ ਰੰਗ ਰਲੀਆਂ ਮਨਾਉਂਦੇ ਰਹੇ।"* [6]

ਨਕਾਬ ਪੋਸ਼ ਕਹਾਣੀ ਵਿੱਚ ਪਾਤਰਾਂ ਦੀ ਵਿਅਕਤੀਗਤ ਸੋਚ ਅਤੇ ਮਨੋ ਸਥਿਤੀ ਨੂੰ ਬੜੀ ਗੰਭੀਰਤਾ ਨਾਲ ਪੇਸ਼ ਕੀਤਾ ਗਿਆ ਹੈ। ਇਸ ਦਾ ਕੇਂਦਰੀ ਪਾਤਰ ਆਪਣੀ ਜ਼ਿੰਦਗੀ ਇੱਕ ਮਖੋਟਾ ਪਹਿਣ ਕੇ ਜੀ ਰਿਹਾ ਹੈ ਜੋ ਉਸ ਲਈ ਮਾਨਸਿਕ ਬੋਝ ਹੈ। ਇਸ ਕਹਾਣੀ ਦਾ ਨਾਇਕ ਰਾਹੁਲ ਆਪਣੀ ਭੈਣ ਪ੍ਰਤੀ ਕਾਮੁਕ ਅਤ੍ਰਿਪਤੀਆਂ ਕਾਰਨ ਖਿੱਚਿਆ ਜਾਂਦਾ ਹੈ ਅਤੇ ਦੂਰੋਂ ਉਸ ਦੇ ਨੰਗੇ ਅੰਗਾਂ ਨੂੰ ਤੱਕ ਕੇ ਮਾਨਸਿਕ ਤੌਰ ਤੇ ਤ੍ਰਿਪਤੀ ਕਰਨ ਦੀ ਕੋਸ਼ਿਸ ਕਰਦਾ ਹੈ। ਪੱਛਮੀ ਸੱਭਿਆਚਾਰ ਤੇ ਮੀਡੀਏ ਦੇ ਬੇਰੋਕ ਪ੍ਰਭਾਵ ਕਾਰਨ ਪਰਵਾਸੀ ਪੰਜਾਬੀ ਵੀ ਆਪਣੀਆਂ ਕਦਰਾਂ ਕੀਮਤਾਂ ਤੋਂ ਪਾਸੇ ਹੁੰਦਾ ਜਾ ਰਹੀ ਹੈ। ਭਾਵੇਂ ਉਹ ਆਪਣੀਆਂ ਪਿਤਰੀ ਸੱਭਿਆਚਾਰਕ ਕਦਰਾਂ ਕੀਮਤਾਂ ਕਰਕੇ ਸਿੱਧੇ ਤੌਰ ਤੇ ਸਰੀਰਕ ਸਬੰਧ ਸਥਾਪਿਤ ਕਰਕੇ ਆਪਣੀ ਸਰੀਰਕ ਹਵਸ ਦੀ ਭੁੱਖ ਤਾਂ ਪੂਰੀ ਨਹੀਂ ਕਰਦਾ ਪਰ ਮਾਨਸਿਕ ਤੌਰ ਤੇ ਅਸ਼ਾਂਤ ਰਹਿਣ ਕਰਕੇ ਉਹ ਆਪਣੀ ਮਾਨਸਿਕਤਾ ਦੁਆਰਾ ਆਪਣੀ ਹਵਸ ਨੂੰ ਮਿਟਾਉਂਦਾ ਹੈ। 'ਊਸ਼ਾ' ਕਹਾਣੀ ਅਜਿਹੀ ਹੀ ਸੋਚ ਦੀ ਤਰਜ਼ਮਾਨੀ ਕਰਦੀ ਹੈ। ਕਹਾਣੀ ਦਾ ਨਾਇਕ ਸੁਭਾਸ਼ ਵਰਮਾ ਵੀ ਇਸ ਮਾਨਸਿਕਤਾ ਦਾ ਸ਼ਿਕਾਰ ਹੈ। ਉਸਨੇ ਆਪਣੇ ਮਾਮੇ ਦੀ ਧੀ (ਭੈਣ) ਨੂੰ ਨੰਗਿਆਂ ਨਹਾਉਂਦਿਆਂ ਵੇਖਿਆ ਤਾਂ ਨਹਾਉਣ ਦੌਰਾਨ ਦੇ ਦ੍ਰਿਸ਼ ਅਤੇ ਹਰਕਤਾਂ ਨੇ ਉਸ ਅੰਦਰ ਅਤ੍ਰਿਪਤੀ ਦਾ ਤੂਫਾਨ ਖੜ੍ਹਾ ਕਰ ਦਿੱਤਾ। ਊਸ਼ਾ ਦਾ ਨੰਗਾ ਸਰੀਰ ਅਤੇ ਉਸਨੂੰ ਭੋਗਣ ਦੇ ਆਨੰਦ ਦਾ ਸੁਪਨਾ ਉਸਦੇ ਜਿਹਨ ਵਿੱਚ ਅਜਿਹਾ ਬੈਠਾ, ਜਿਸਨੂੰ ਉਹ ਉਮਰ ਭਰ ਆਪਣੇ ਜਿਹਨ ਚੋਂ ਕੱਢ ਨਾ ਸਕਿਆ। ਆਪਣੀ ਪਤਨੀ ਨਾਲ ਹਮਬਿਸਤਰ ਹੋਣ ਸਮੇਂ ਆਪਣੀ ਪਤਨੀ ਦੀ ਬਜਾਇ ਉਸਦੀਆਂ ਅੱਖਾਂ ਅੱਗੇ ਊਸ਼ਾ ਦਾ ਸਰੀਰ ਘੁੰਮਦਾ।

ਫ੍ਰੀ ਸੁਸਾਇਟੀ ਕਹਾਣੀ ਇੰਗਲੈਂਡ ਵਿੱਚ ਵੱਸਦੇ ਪੰਜਾਬੀ ਪ੍ਰਵਾਸੀਆਂ ਦੀ ਮਾਨਸਿਕ ਖਿੱਚੋਤਾਣ ਅਤੇ ਅਜਨਬੀਪਣ ਨੂੰ ਪੇਸ਼ ਕਰਦੀ ਹੈ। ਅਸਲ ਵਿੱਚ ਜਿਹੜੀ ਸੁਸਾਇਟੀ ਫ੍ਰੀ ਨਜ਼ਰ ਆਉਂਦੀ ਹੈ ਉਸਦੀ ਅਸਲ ਹਕੀਕਤ ਇਹ ਹੈ ਕਿ ਉਹ ਘੁਟਣ,

ਮਾਨਸਿਕ ਉਥਲ -ਪੁਥਲ, ਖਾਲੀਪਣ, ਭੱਜ -ਦੌੜ ਰਿਸ਼ਤਿਆਂ ਦਾ ਖੋਖਲਾਪਨ ਆਤੀ ਮਾਨਸਿਕ ਸੰਤੁਲਨ ਨਾਲ ਜਕੜੀ ਹੋਈ ਹੈ। ਇਹ ਕਹਾਣੀ ਮੂਲ ਪੰਜਾਬੀ ਸੱਭਿਆਚਾਰ ਤੇ ਪੱਛਮੀ ਸੱਭਿਆਚਾਰ ਦੇ ਟਕਰਾਓ ਦੀ ਤਰਜ਼ਮਾਨੀ ਕਰਦੀ ਹੈ। ਪੱਛਮੀ ਸੱਭਿਆਚਾਰ ਲਈ ਇਹ ਸਭ ਕੁੱਝ ਪ੍ਰਵਾਨ ਹੈ ਪਰ ਪੰਜਾਬੀ ਸਮਾਜ ਅਸ਼ਲੀਲ ਵੇਖਣ, ਸੋਚਣ ਦੀ ਇਜਾਜਤ ਨਹੀਂ ਦਿੰਦਾ ਕਿਉਂਕਿ ਇਹ ਉਹਨਾਂ ਲਈ ਅਨੈਤਿਕ ਕਦਰਾਂ ਕੀਮਤਾਂ ਫ਼ੈਲਾਉਣ ਦੀ ਜੜ੍ਹ ਹੈ। ਸੀਮਾ ਦੇ ਮਾਤਾ-ਪਿਤਾ ਜੋ ਪੰਜਾਬੀ ਸੱਭਿਆਚਾਰ ਨਾਲ ਜੁੜੇ ਹੋਏ ਹਨ, ਨੂੰ ਇਹ ਗੱਲ ਬਿਲਕੁਲ ਭਾਉਂਦੀ ਨਹੀਂ ਕਿ ਸੀਮਾ ਵੀ ਪੱਛਮੀ ਸੱਭਿਆਚਾਰ ਦੀਆਂ ਕਦਰਾਂ ਕੀਮਤਾਂ ਦੇ ਵਹਿਣ 'ਚ ਰੁੜ੍ਹ ਕੇ ਉਸ ਸਭ ਨੂੰ ਪ੍ਰਵਾਨ ਕਰੇ, ਜਿਸਨੂੰ ਉਹਨਾਂ ਦਾ ਪਿਤਰੀ ਸੱਭਿਆਚਾਰ ਅਪ੍ਰਵਾਨ ਕਰਦਾ ਹੈ। ਇਸ ਲਈ ਉਹ ਆਪਣੀ ਧੀ ਸੀਮਾ ਨੂੰ ਦੇਰ ਰਾਤ ਆਉਣ ਵਾਲੀਆਂ ਫਿਲਮਾਂ ਵੇਖਣ ਤੋਂ ਰੋਕਦਾ ਹੈ। ਸੀਮਾ ਤੇ ਉਸਦੇ ਪਿਓ ਦੀ ਵਾਰਤਾਲਾਪ ਸੱਭਿਆਚਾਰ ਦੇ ਟਕਰਾਓ ਨੂੰ ਸਿਖ਼ਰ ਤੇ ਲੈ ਜਾਂਦੀ ਹੈ:- "ਵੇਖ ਸੀਮਾ ਜੇ ਤੂੰ ਲੇਟ ਨਾਈਟ ਪਿਕਚਰਾਂ ਵੇਖਣੋ ਨਹੀਂ ਹੱਟਣਾ ਤਾਂ ਮੈਂ ਟੈਲੀਵਿਜ਼ਨ ਵੇਚ ਦੇਣਾ। ਇੱਕ ਦਿਨ ਉਹ ਦੇ ਡੈਡੀ ਨੇ ਅੱਕ ਕੇ ਕਿਹਾ ਸੀ।

*ਬੱਟ ਡੈਡ, ਵਟਸ ਰੌਂਗ ਵਿਦ ਇਟ ਔਲ ਮਾਈ ਫਰੈਂਡਜ਼ ਵਾਚ ਦੈਮ। ਇਹ ਇਸ ਤਰ੍ਹਾਂ ਬੋਲੀ, ਜਿਵੇਂ ਜੋ ਕੰਮ ਉਹਦੀਆਂ ਫ਼ਰੈਂਡਜ਼ ਕਰਦੀਆਂ ਸਨ, ਉਹ ਜ਼ਰੂਰੀ ਤੌਰ ਤੇ ਠੀਕ ਹੀ ਸੀ।*

*ਵਾਈ ਡੌਂਟ ਯੂ ਅੰਡਰ ਸਟੈਂਡ ਸੀਮਾ, ਦੀਜ ਲੇਟ ਫ਼ਿਲਮਜ਼ ਆਰ ਯੂਜ਼ੂਅਲੀ ਮੈਂਟ ਫ਼ਾਰ ਐਲਡਰਜ਼ ਐਂਡ ਗ੍ਰੋਨ ਅਪਸ।*

*ਡੌਂਟ ਯੂ ਥਿੰਕ ਆਈ ਐਮ ਗ੍ਰੋਨ ਅੱਪ ਟੂ? ਡੈਡੀ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਵੇਖਦਿਆਂ ਉਹਨੇ ਪੁੱਛਿਆ ਸੀ।*

*ਨੋ ਨੋਟ ਯੈਟ। ਯੂ ਆਰ ਓਨਲੀ ਏ ਯੰਗ ਗਰਲ। ਇਹ ਤੇਰੇ ਪੜ੍ਹਨ ਦੇ ਦਿਨ ਨੇ - ਸੁਣਿਐ? ਪਰ ਸ਼ਾਇਦ ਸੀਮਾਂ ਨੂੰ ਕੁਝ ਵੀ ਨਹੀਂ ਸੀ ਸੁਣਿਆ ਤੇ ਜੇ ਸੁਣਿਆ ਸੀ ਤਾਂ ਸਿਰਫ ਆਪਣੀ ਹੀ ਆਵਾਜ਼— ਆਈ ਐੱਮ ਗ੍ਰੋਨ ਅੱਪ ਟੂ।"[7]*

ਪੱਛਮੀ ਸੱਭਿਆਚਾਰ ਜਿਸ ਦੀ ਨੀਂਹ ਦਾ ਆਧਾਰ ਹੀ ਪੈਸਾ ਹੈ, ਪਰਵਾਸੀ ਦੀ ਵੱਧ ਧਨ ਇਕੱਠਾ ਕਰਨ ਦੀ ਇੱਛਾ ਨੂੰ ਹੋਰ ਤੀਬਰ ਕਰਦਾ ਹੈ। ਇਸ ਹੋੜ ਵਿੱਚ ਹੱਦ ਤੋਂ ਵੱਧ ਵਹਿਣ ਕਾਰਨ ਪਰਿਵਾਰਕ ਤ੍ਰੇੜਾਂ ਪੈ ਜਾਂਦੀਆਂ ਹਨ ਤੇ ਮਾਨਸਿਕ ਤਣਾਓ ਵਧਦਾ ਹੈ। 'ਨਾਈਟ ਸਿਫ਼ਟ' ਕਹਾਣੀ ਅਜਿਹੇ ਹੀ ਮਸਲੇ ਦੀਆਂ ਪਰਤਾਂ ਉਘਾੜਦੀ ਹੈ। ਇਹ ਕਹਾਣੀ ਪਰਵਾਸੀਆਂ ਦੇ ਮਾਨਸਿਕ ਤਨਾਵ ਨੂੰ ਬੜੀ ਗਹਿਰਾਈ ਨਾਲ ਪੇਸ਼ ਕਰਦੀ ਹੈ। ਕਹਾਣੀ ਵਿੱਚ ਦਿਖਾਇਆ ਗਿਆ ਹੈ ਕਿ ਇੱਕ ਪਾਸੇ ਹੱਡ ਭੰਨਵੀ ਸਰੀਰਕ ਮਿਹਨਤ ਅਤੇ ਦੂਜੇ ਪਾਸੇ ਮਾਨਸਿਕ ਸੰਘਰਸ਼ ਕਿਵੇਂ ਮਨੁੱਖ ਦੀ ਜ਼ਿੰਦਗੀ ਨੂੰ ਤਬਾਹ ਕਰ ਦਿੰਦੇ ਹਨ। ਸਰੀਰਕ ਆਰਾਮ ਨਾ ਮਿਲਣਾ, ਮਾਨਸਿਕ ਤੌਰ ਤੇ ਅਸੰਤੁਸ਼ਟ ਹੋਣਾ ਅਤੇ ਇਕੱਲਤਾ ਦੀ ਭਾਵਨਾ ਨਾਲ ਪ੍ਰਵਾਸੀ ਮਨੁੱਖ ਮਾਨਸਿਕ ਸੰਤਾਪ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਕਹਾਣੀ ਦਾ ਨਾਇਕ ਪ੍ਰੀਤੂ ਵੱਧ ਧਨ ਇਕੱਠਾ ਕਰਨ ਦੀ ਲਾਲਸਾ ਵਿੱਚ ਆਪਣੇ ਪਰਿਵਾਰਕ ਰਿਸ਼ਤਿਆਂ ਨੂੰ ਭੁੱਲ ਜਾਂਦਾ ਹੈ। ਲਗਾਤਾਰ ਸਰੀਰਕ ਸਮਰੱਥਾ ਤੋਂ ਵੱਧ ਕੰਮ ਕਰਨ ਕਰਕੇ ਉਹ ਸਰੀਰਕ ਤੇ ਮਾਨਸਿਕ ਥਕਾਵਟ ਦਾ ਸ਼ਿਕਾਰ ਹੋ ਜਾਂਦਾ ਹੈ, ਜੋ ਉਸ ਦੇ ਪਰਿਵਾਰਕ ਸੰਕਟ ਦਾ ਕਾਰਨ ਬਣਦਾ ਹੈ। ਪ੍ਰੀਤੂ ਦੇ ਸੁਭਾਅ ਦਾ ਖ਼ਰ੍ਹਵਾ ਹੋਣ ਦਾ ਕਾਰਨ ਉਸ ਦਾ ਮਾਨਸਿਕ ਤਣਾਓ ਹੈ। ਫ਼ੈਕਟਰੀ ਵਿੱਚ ਉਹ ਦਿਨ-ਰਾਤ ਕੰਮ ਕਰਦਾ ਹੈ। ਉਸ ਨੂੰ ਆਪਣਾ ਸਰੀਰਕ ਤੇ ਮਾਨਸਿਕ ਸ਼ੋਸ਼ਣ ਹੁੰਦਾ ਵਿਖਾਈ ਦਿੰਦਾ ਹੈ। ਮਾਨਸਿਕ ਤਣਾਓ ਦੀ ਸਥਿਤੀ ਚੋਂ ਗੁਜ਼ਰਦਾ ਹੋਇਆ ਉਹ ਆਪਣੀ ਪਤਨੀ ਤੇ ਬੱਚਿਆਂ ਦੀ ਕੁੱਟ-ਮਾਰ ਕਰਦਾ ਹੈ:- ਲੇਖਕ ਅਨੁਸਾਰ

*"ਬਾਰ੍ਹਾਂ ਬਾਰ੍ਹਾਂ, ਪੰਦਰ੍ਹਾਂ ਪੰਦਰ੍ਹਾਂ ਘੰਟੇ ਫ਼ੈਕਟਰੀ ਵਿੱਚ ਵੀਕ ਐਂਡ ਸਾਰਾ ਪੱਬਾਂ ਵਿੱਚ ਤੇ ਬਾਕੀ ਦਾ ਮੰਜੇ ਵਿੱਚ। ਪਿਛਲੇ ਸਾਲ ਤੋਂ ਤਾਂ ਪ੍ਰੀਤੂ ਸਗੋਂ ਹੋਰ ਵੀ ਖਰਵਾ ਹੋ ਗਿਆ ਸੀ। ਨਿੱਕੀ ਨਿੱਕੀ ਗੱਲ ਤੋਂ ਤੀਵੀਂ ਨੂੰ ਘੁਰਕੀਆਂ ਲੈ ਲੈ ਪੈਂਦਾ ਆਪਣੀਆਂ ਦੋਵੇਂ ਕੁੜੀਆਂ ਜੀਰੋ ਤੇ ਬੀਰੋ ਨੂੰ ਮਾਰਨ ਲੱਗ ਜਾਂਦਾ ਹੈ।"[8]*

ਸੋ ਸਵਰਨ ਚੰਦਨ ਦੀਆਂ ਕਹਾਣੀਆਂ ਵਿੱਚ ਪੰਜਾਬੀ ਪਰਵਾਸੀ, ਪੱਛਮੀ ਸੱਭਿਆਚਾਰ ਦੇ ਬੇਰੋਕ ਵਹਿਣਾਂ ਵਿੱਚ ਵਹਿੰਦਾ ਹੋਇਆਂ ਵਿਹਾਰਕ ਅਤੇ ਮਾਨਸਿਕ ਪੱਧਰ ਤੇ ਸ਼ਿਕਾਰ ਹੁੰਦਾ ਦਿਖਾਇਆ ਗਿਆ ਹੈ। ਦੋਹਾਂ ਸੱਭਿਆਚਾਰਾਂ ਦੀ ਮਾਰ ਉਸਦੇ ਮਾਨਸਿਕ ਤਣਾਓ ਦਾ ਕਾਰਨ ਬਣਦੀ ਹੈ। ਪੱਛਮੀ ਸੱਭਿਆਚਾਰ ਵਿੱਚ ਸਰੀਰਕ ਸਬੰਧਾਂ ਦੀ ਖੁੱਲ੍ਹ, ਵਿਆਹ ਬਾਹਰੇ ਸਬੰਧ ਆਮ ਵਰਤਾਰਾ ਮੰਨਿਆ ਜਾਂਦਾ ਹੈ ਤੇ ਉਸ ਸਮਾਜ ਦੀਆਂ ਕਦਰਾਂ ਕੀਮਤਾਂ ਇਹਨਾਂ ਨੂੰ ਪ੍ਰਵਾਨ ਕਰਦੀਆਂ ਹਨ। ਪਰਵਾਸੀ ਪੰਜਾਬੀ ਨੂੰ ਇਹ ਸਭ ਅਜੀਬੋ-ਗਰੀਬ ਲੱਗਦਾ ਹੈ, ਜੋ ਉਸਦੀ ਮਾਨਸਿਕਤਾ ਵਿੱਚ ਨਹੀਂ ਉੱਤਰਦਾ। ਜਦੋਂ ਉਸਦੀ ਔਲਾਦ ਜੋ ਪੱਛਮੀ ਸੱਭਿਆਚਾਰ ਅਧੀਨ ਜੰਮੀ ਪਲੀ ਹੈ, ਅਤੇ ਉਸੇ ਕਦਰਾਂ ਕੀਮਤਾਂ ਅਨੁਸਾਰ ਚੱਲਦੀ ਹੈ ਤਾਂ ਤਣਾਓ ਦੀ ਸਥਿਤੀ ਪੈਦਾ ਹੁੰਦੀ ਹੈ। ਸਵਰਨ ਚੰਦਨ ਨੇ ਆਪਣੀਆਂ ਕਹਾਣੀਆਂ ਵਿੱਚ ਦੋਹਾਂ ਸਮਾਜਾਂ ਦੀਆਂ ਕਦਰਾਂ ਕੀਮਤਾਂ, ਮਾਨਵੀ ਰਿਸ਼ਤੇ ਦੇ ਟਕਰਾਓ ਨੂੰ ਪੇਸ਼ ਕੀਤਾ ਹੈ। ਪਰਵਾਸੀ ਪੰਜਾਬੀ ਨੂੰ ਉਪਰੋਕਤ ਸਥਿਤੀ ਦਾ ਸਾਹਮਣਾ ਕਰਦੇ ਸਮੇਂ ਅਨੇਕਾਂ ਮਾਨਸਿਕ ਤਣਾਓ ਦੀਆਂ ਸਥਿਤੀਆਂ ਵਿੱਚੋਂ ਗੁਜ਼ਰਨਾ ਪੈਂਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. *ਧਾਰੀਵਾਲ, ਪ੍ਰੇਮ ਪ੍ਰਕਾਸ਼, (1999), ਪਰਵਾਸੀ ਪੰਜਾਬੀ ਸਾਹਿਤ: ਮੁੱਲ ਤੇ ਮੁਲਾਂਕਣ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨੇ: 12-13*
2. *ਚੰਦਨ, ਸਵਰਨ, (1989), ਲਾਲ ਚੌਂਕ, ਨੈਸ਼ਨਲ ਬੁੱਕ ਸ਼ਾਪ, ਦਿੱਲੀ, ਪੰਨੇ: 155-156.*
3. *ਉਹੀ (1987), ਖ਼ਾਲੀ ਪਲਾਂ ਦੀ ਸਾਂਝ, ਨਵੀਨ ਪ੍ਰਕਾਸ਼ਨ, ਅੰਮ੍ਰਿਤਸਰ, ਪੰਨਾ: 44*
4. *ਉਹੀ, ਪੰਨਾ: 45*
5. *ਉਹੀ (1991), ਕੁਆਰ ਗੰਦਲ, ਨੈਸ਼ਨਲ ਬੁੱਕ ਸ਼ਾਪ, ਦਿੱਲੀ, ਪੰਨਾ: 38*
6. *ਉਹੀ (1982), ਪੁੰਨ ਦਾ ਸਾਕ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨਾ: 76*

7. ਉਹੀ (1987), ਖ਼ਾਲੀ ਪਲਾਂ ਦੀ ਸਾਂਝ, ਨਵੀਨ ਪ੍ਰਕਾਸ਼ਨ, ਅੰਮ੍ਰਿਤਸਰ, ਪੰਨਾ: 12
8. ਉਹੀ (1977), ਉੱਜੜਿਆ ਖੂਹ, ਆਰਸੀ ਪਬਲਿਸ਼ਰਜ਼, ਦਿੱਲੀ, ਪੰਨਾ: 130

### *Cite this Article-*

*ਡਾ. ਨਿਰਮਲਾ ਰਾਣੀ (Dr. Nirmala Rani), ਪਰਵਾਸੀ ਪੰਜਾਬੀ ਪਰਿਵਾਰਾਂ ਵਿੱਚ ਮਾਨਸਿਕ ਤਣਾਓ ਦੇ ਮੂਲ ਕਾਰਨ (ਸਵਰਨ ਚੰਦਨ ਦੀਆਂ ਚੋਣਵੀਆਂ ਕਹਾਣੀਆਂ ਦੇ ਸੰਦਰਭ ਵਿੱਚ) **Parvasi Punjabi Parivaran vich Mansik Tanao De Mool Karn (Swarn Chandan Dien Chonvian Kahanian De Sandrabh Vich)**, ਅਰਮਾਨ (ARMAAN), ISSN: 2583-9446 (O), Volume- 4, Issue- 3, July-September 2026, Page: 48-52.*

*Journal URL: www.armaan.org.in*
*DOI: https://doi.org/10.64119/armaan.vol.4.issue3.10*

*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/